II gr Tea Ex 2013

adda247

adda247

प्रश्न पुस्तिका

कोड / Code : **03**

**A**

PUNJABI / ਪੰਜਾਬੀ : PAPER-II

पुस्तिका क्रम

पुस्तिका में पृष्ठों की संख्या : 32

310917

पुस्तिका में प्रश्नों की संख्या : 150

ਸਮਾਂ : $2\frac{1}{2}$ ਘੰਟੇ

ਕੁੱਲ ਅੰਕ : 300

## निर्देश / INSTRUCTIONS / ਨਿਰਦੇਸ਼ :

1. **Answer all questions.**
   सभी प्रश्नों के उत्तर दीजिए ।
2. **All questions carry equal marks.**
   सभी प्रश्नों के अंक समान हैं ।
3. Only one answer is to be given for each question.
   प्रत्येक प्रश्न का केवल एक ही उत्तर दीजिए।
4. If more than one answers are marked, it would be treated as wrong answer.
   एक से अधिक उत्तर देने की दशा में प्रश्न के उत्तर को गलत माना जाएगा ।
5. Each question has four alternative responses marked serially as **1, 2, 3, 4**. You have to darken only one circle **or** bubble indicating the correct answer on the Answer Sheet using **BLUE BALL POINT PEN.**
   प्रत्येक प्रश्न के चार वैकल्पिक उत्तर दिये गये हैं, जिन्हें क्रमशः 1, 2, 3, 4 अंकित किया गया है। अभ्यर्थी को सही उत्तर निर्दिष्ट करते हुए उनमें से केवल एक गोले अथवा बबल को उत्तर-पत्रक पर नीले बॉल प्वाइंट पेन से गहरा करना है ।
6. **1/3 part of the mark(s) of each question will be deducted for each wrong answer.** (A wrong answer means an incorrect answer **or** more than one answers for any question. Leaving all the relevant circles **or** bubbles of any question blank will not be considered as wrong answer.)
   प्रत्येक गलत उत्तर के लिए प्रश्न अंक का 1/3 भाग काटा जायेगा। गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है । किसी भी प्रश्न से संबंधित गोले या बबल को खाली छोड़ना गलत उत्तर नहीं माना जायेगा।
7. The candidate should ensure that Series Code of the Question Paper Booklet and Answer Sheet must be same after opening the envelopes. In case they are different, a candidate must obtain another question paper of the same series. Candidate himself shall be responsible for ensuring this.
   प्रश्न-पत्र पुस्तिका एवं उत्तर पत्रक के लिफाफे की सील खोलने पर परीक्षार्थी यह सुनिश्चित कर लें कि उसके प्रश्न-पत्र पुस्तिका पर वही सीरीज अंकित है जो उत्तर पत्रक पर अंकित है। इसमें कोई भिन्नता हो तो वीक्षक से प्रश्न-पत्र की ही सीरीज वाला दूसरा प्रश्न-पत्र का लिफाफा प्राप्त कर लें। ऐसा न करने पर जिम्मेदारी अभ्यर्थी की होगी।
8. Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt as per rules.
   मोबाईल फोन अथवा इलेक्ट्रोनिक यंत्र का परीक्षा हॉल में प्रयोग पूर्णतया वर्जित हैं। यदि किसी अभ्यर्थी के पास ऐसी कोई वर्जित सामग्री मिलती है तो उसके विरुद्ध आयोग द्वारा नियमानुसार कार्यवाही की जायेगी।
9. Please cirrectly fill your Roll Number in O.M.R. Sheet. 5 marks will be deducted for filling wrong or incomplete Roll Number.
   कृपया अपना रोल नम्बर ओ.एम.आर. पत्रक पर सावधानी पूर्वक सही भरें । गलत अथवा अपूर्ण रोल नम्बर भरने पर 5 अंक कुल प्राप्तांको में से अनिवार्य रूप से काटे जाएंगे।

***Warning :*** If a candidate is found copying or if any unauthorised material is found in his/her possession, F.I.R. would be lodged against him/her in the Police Station and he/she would liable to be prosecuted under Section 3 of the R.P.E. (Prevention of Unfairmeans) Act, 1992. Commission may also debar him/her permanently from all future examinations of the Commission.

चेतावनी : अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, उस अभ्यर्थी के विरुद्ध पुलिस में प्राथमिकी दर्ज कराई जायेगी और आर. पी. ई. (अनुचित साधनों की रोकथाम) अधिनियम, 1992 के नियम 3 के तहत कार्यवाही की जायेगी। साथ ही आयोग ऐसे अभ्यर्थी को भविष्य में होने वाली आयोग की समस्त परीक्षाओं से विवर्जित कर सकता है।

1 ਕਿਸੇ ਵਸਤੂ, ਜੀਵ, ਇਕੱਠ, ਜਾਂ ਭਾਵ ਆਦਿ ਨੂੰ ਪ੍ਰਗਟਾਉਣ ਲਈ ਵਰਤੇ ਜਾਂਦੇ ਸ਼ਬਦ ਨੂੰ ਕੀ ਕਹਿੰਦੇ ਹਨ:-

(1) ਨਾਂਵ

(2) ਪੜਨਾਂਵ

(3) ਸੰਬੰਧਕ

(4) ਯੋਜਕ

2 ਬੀਰ ਰਸ ਦਾ ਸਥਾਈ ਭਾਵ ਕੀ ਹੈ?

(1) ਵਿਸਮਾਦ

(2) ਉਤਸ਼ਾਹ

(3) ਵੈਰਾਗ

(4) ਡਰ

3 'ਮੇਰੀ ਬੱਕੀ ਤੋਂ ਡਰਨ ਫਰਿਸ਼ਤੇ, ਮੈਥੋਂ ਡਰੇ ਖ਼ੁਦਾ' ਵਿਚ ਕਿਹੜਾ ਅਲੰਕਾਰ ਪ੍ਰਧਾਨ ਹੈ:-

(1) ਦ੍ਰਿਸ਼ਟਾਂਤ

(2) ਅਨੁਪ੍ਰਾਸ

(3) ਅਤਿਕਥਨੀ

(4) ਰੂਪਕ

4 ਹੇਠ ਲਿਖੇ ਸ਼ਬਦਾਂ ਵਿਚੋਂ ਸਹੀ ਸ਼ਬਦ ਦੀ ਚੋਣ ਕਰੋ:-

(1) ਅੰਬਰਸਰ

(2) ਅੰਮ੍ਰਿਤਸਰ

(3) ਅਮਰਤਸਰ

(4) ਅੰਮਰਤਸਰ

5 ਬਹੁਤ ਦੇਰ ਬਾਅਦ ਮਿਲੇ ਮਿੱਤਰ ਲਈ ਕਿਸ ਮੁਹਾਵਰੇ ਦਾ ਪ੍ਰਯੋਗ ਕੀਤਾ ਜਾਂਦਾ ਹੈ:-

(1) ਦੂਰ ਦੇ ਢੋਲ ਸੁਹਾਵਣੇ ਹੋਣਾ

(2) ਈਦ ਦਾ ਚੰਦ ਹੋਣਾ

(3) ਅੱਖੀਆਂ ਦਾ ਤਾਰਾ ਹੋਣਾ

(4) ਪਲਕਾਂ ਤੇ ਬਿਠਾਉਣਾ

adda247

6 'ਫੁੱਲ' ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ:-

(1) ਪੁਸ਼ਪ

(2) ਵਣ

(3) ਕਦੰਬ

(4) ਬਿਰਖ

7 'ਮੁੰਡਾ' ਸ਼ਬਦ ਦਾ ਇਸਤਰੀ ਲਿੰਗ ਲਿਖੋ:-

(1) ਕੁੜੀ

(2) ਕੁੜੀਆਂ

(3) ਮੁਟਿਆਰ

(4) ਮੁਟਿਆਰਾਂ

8 ਕਿਸੇ ਕੰਮ ਦੇ ਹੋਣ ਸਿਧ ਕਰਨ ਵਾਲੇ ਸ਼ਬਦ ਨੂੰ ਕੀ ਕਹਿੰਦੇ ਹਨ:-

(1) ਭਾਵ

(2) ਅਰਥ

(3) ਕਿਰਿਆ

(4) ਵਿਸ਼ੇਸ਼ਣ

9 'ਦਰਸ਼ਨ ਪਰਸ਼ਨ ਸਰਸ਼ਨ ਹਰਸ਼ਨ ਰੰਗ ਰੰਗੀ ਕਰਤਾਰੀ ਰੇ' ਵਿਚ ਕਿਹੜਾ ਅਲੰਕਾਰ ਹੈ?

(1) ਉਪਮਾ

(2) ਅਤਿਕਥਨੀ

(3) ਦ੍ਰਿਸ਼ਟਾਂਤ

(4) ਅਨੁਪ੍ਰਾਸ

10 ਘੋੜਾ ਅਤੇ ਰੋੜਾ ਸ਼ਬਦਾਂ ਦੇ ਬਹੁ ਵਚਨ ਦੱਸੋ:-

(1) ਘੋੜੀਆਂ, ਰੋੜੀਆਂ

(2) ਘੋੜੇ ਅਤੇ ਰੋੜੇ

(3) ਅਸੰਖ ਘੋੜੀਆਂ ਅਤੇ ਰੋੜੀਆਂ

(4) ਇਨਾਂ ਚੁ ਕੋਈ ਵੀ ਨਹੀ

11 'ਰੋਸ਼ਨੀ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ:-

(1) ਸਵੇਰਾ

(2) ਸੰਧਿਆ

(3) ਹਨ੍ਹੇਰਾ

(4) ਊਸ਼ਾ

12. ਸ਼ਿੰਗਾਰ ਰਸ ਦਾ ਸਥਾਈ ਭਾਵ ਕਿਹੜਾ ਹੈ:-

(1) ਹਾਸ

(2) ਕਰੁਣਾ

(3) ਪ੍ਰੇਮ/ ਰਤਿ

(4) ਉਤਸ਼ਾਹ

13 ਸੁੰਦਰਤਾ ਸ਼ਬਦ ਨਾਂਵ ਦੀ ਕਿਹੜੀ ਕਿਸਮ ਹੈ?

(1) ਨਿੱਜ ਵਾਚਕ ਨਾਂਵ

(2) ਜਾਤੀ ਵਾਚਕ ਨਾਂਵ

(3) ਪਦਾਰਥ ਵਾਚਕ ਨਾਂਵ

(4) ਭਾਵ ਵਾਚਕ ਨਾਂਵ

14 'ਜੋ ਕਰੇਗਾ ਸੋ ਭਰੇਗਾ' ਵਾਕ ਵਿਚ 'ਜੋ' ਅਤੇ 'ਸੋ' ਸ਼ਬਦ ਪੜਨਾਂਵ ਦੀ ਕਿਸ ਕਿਸਮ ਦੇ ਸੂਚਕ ਹਨ?

(1) ਪ੍ਰਸ਼ਨਵਾਚਕ ਪੜਨਾਂਵ

(2) ਅਨਿਸ਼ਚੇਵਾਚਕ ਪੜਨਾਂਵ

(3) ਸੰਬੰਧ ਵਾਚਕ ਪੜਨਾਂਵ

(4) ਨਿੱਜ ਵਾਚਕ ਪੜਨਾਂਵ

15 ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ?

(1) 1469 ਈਸਵੀ ਵਿਚ

(2) 1539 ਈਸਵੀ ਵਿਚ

(3) 1699 ਈਸਵੀ ਵਿਚ

(4) 1460 ਈਸਵੀ ਵਿਚ

adda247

16 ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਸ ਗੁਰੂ ਨੇ ਕੀਤੀ?

(1) ਗੁਰੂ ਗੋਬਿੰਦ ਸਿੰਘ ਨੇ

(2) ਗੁਰੂ ਨਾਨਕ ਦੇਵ ਜੀ ਨੇ

(3) ਗੁਰੂ ਅੰਗਦ ਸਿੰਘ ਨੇ

(4) ਗੁਰੂ ਅਰਜਨ ਸਿੰਘ ਨੇ

17 ਹਾਸ਼ਮ ਸ਼ਾਹ ਨੂੰ ਜ਼ਿਆਦਾ ਪ੍ਰਸਿਧੀ ਕਿਸ ਕਿੱਸੇ ਨੇ ਦਿਵਾਈ?

(1) ਕਿੱਸਾ 'ਸੱਸੀ ਪੁੰਨੂੰ' ਨੇ

(2) ਕਿੱਸਾ 'ਹੀਰ ਰਾਂਝਾ' ਨੇ

(3) ਕਿੱਸਾ 'ਪੂਰਨ ਭਗਤ' ਨੇ

(4) ਕਿੱਸਾ 'ਸੋਹਣੀ ਮਹੀਵਾਲ' ਨੇ

18 ਸ਼ਾਹ ਮੁਹੰਮਦ ਦੀ ਪ੍ਰਸਿੱਧ ਰਚਨਾ ਦਾ ਨਾਮ ਲਿਖੋ:-

(1) ਜੰਗਨਾਮਾ ਸਿੰਘਾਂ ਤੇ ਫਰੰਗੀਆਂ

(2) ਚੱਠਿਆਂ ਦੀ ਵਾਰ

(3) ਵਾਰ ਰਾਜਾ ਰਸਾਲੂ ਦੀ

(4) ਲੱਲਾ ਬਹਿਲੀਮੇ ਦੀ ਵਾਰ

19 ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਿਸ ਸ਼ਹਿਰ ਵਿਚ ਹੋਇਆ?

(1) ਦਿੱਲੀ ਵਿਚ

(2) ਆਨੰਦਪੁਰ ਸਾਹਿਬ ਵਿਚ

(3) ਅੰਮ੍ਰਿਤਸਰ ਵਿਚ

(4) ਫਟਨਾ ਸ਼ਹਿਰ ਵਿਚ

20 ਭਾਈ ਵੀਰ ਸਿੰਘ ਦੇ ਦੋ ਕਾਵਿ-ਸੰਗ੍ਰਹਿਆਂ ਦੇ ਨਾਂ ਦੱਸੋ:-

(1) ਚੰਦਨਵਾੜੀ ਅਤੇ ਕੇਸਰ ਕਿਆਰੀ

(2) ਖੁਲ੍ਹੇ ਮੈਦਾਨ ਅਤੇ ਖੁਲ੍ਹੇ ਘੁੰਢ

(3) ਕੱਤਕ ਕੂੰਜਾਂ ਅਤੇ ਰਾਗ ਰਿਸ਼ਮਾਂ

(4) ਲਹਿਰਾਂ ਦੇ ਹਾਰ ਅਤੇ ਮਟਕ ਹੁਲਾਰੇ

adda247

21 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਕਵਿਤਾ ਕਿਸ ਸ਼ਾਇਰ ਦੀ ਲਿਖੀ ਹੋਈ ਹੈ?

(1) ਦਲੀਪ ਕੌਰ ਟਿਵਾਣਾ ਦੀ

(2) ਅੰਮ੍ਰਿਤਾ ਪ੍ਰੀਤਮ ਦੀ

(3) ਅਜੀਤ ਕੌਰ ਦੀ

(4) ਬਚਿੰਤ ਕੌਰ ਦੀ

22 ਪ੍ਰੋ. ਮੋਹਨ ਸਿੰਘ ਨੂੰ ਉਸ ਦੇ ਕਿਸ ਕਾਵਿ-ਸੰਗ੍ਰਹਿ ਨਾਲ ਵਧੇਰੇ ਪ੍ਰਸਿੱਧੀ ਮਿਲੀ?

(1) 'ਸਾਵੇ ਪੱਤਰ' ਨਾਲ

(2) 'ਜੰਦਰੇ' ਨਾਲ

(3) 'ਜੈਮੀਰ' ਨਾਲ

(4) 'ਵੱਡਾ ਵੇਲਾ' ਨਾਲ

23 'ਬਿਰਹਾ ਦਾ ਸੁਲਤਾਨ' ਕਿਸ ਕਵੀ ਨੂੰ ਕਿਹਾ ਜਾਂਦਾ ਹੈ?

(1) ਧਨੀ ਰਾਮ ਚਾਤ੍ਰਿਕ ਨੂੰ

(2) ਸ਼ਿਵ ਕੁਮਾਰ ਬਟਾਲਵੀ ਨੂੰ

(3) ਬਾਵਾ ਬਲਵੰਤ ਨੂੰ

(4) ਪ੍ਰੋ. ਮੋਹਨ ਸਿੰਘ ਨੂੰ

24 'ਹਵਾ ਵਿਚ ਲਿਖੇ ਹਰਫ਼' ਕਾਵਿ-ਸੰਗ੍ਰਹਿ ਦਾ ਲੇਖਕ ਕੌਣ ਹੈ?

(1) ਡਾ. ਜਗਤਾਰ

(2) ਤਾਰਾ ਸਿੰਘ

(3) ਸੁਰਜੀਤ ਪਾਤਰ

(4) ਭਾਈ ਵੀਰ ਸਿੰਘ

25 ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਉਪਰ ਕਿਸ ਇਲਾਕੇ ਦਾ ਰੰਗ ਵੇਖਣ ਨੂੰ ਮਿਲਦਾ ਹੈ।

(1) ਪੋਠੋਹਾਰ ਦਾ

(2) ਪੁਆਧ ਦਾ

(3) ਦੁਆਬੇ ਦਾ

(4) ਮਾਲਵੇ ਦਾ

adda247

26 ਦਲੀਪ ਕੌਰ ਟਿਵਾਣਾ ਆਪਣੀਆਂ ਰਚਨਾਵਾਂ ਵਿਚ ਕਿਸ ਉਪ-ਭਾਸ਼ਾ ਦਾ ਪ੍ਰਯੋਗ ਕਰਦੀ ਹੈ?

(1) ਪੁਆਧੀ ਉਪ-ਭਾਸ਼ਾ ਦਾ

(2) ਡੋਗਰੀ ਉਪ-ਭਾਸ਼ਾ ਦਾ

(3) ਲਹਿੰਦੀ ਉਪ-ਭਾਸ਼ਾ ਦਾ

(4) ਮਲਵਈ ਉਪ-ਭਾਸ਼ਾ ਦਾ

27 'ਏਹੁ ਹਮਾਰਾ ਜੀਵਣਾ' ਨਾਵਲ ਦੀ ਲੇਖਿਕਾ ਦਾ ਨਾਂ ਲਿਖੋ:-

(1) ਅਜੀਤ ਕੌਰ

(2) ਮਨਜੀਤ ਟਿਵਾਣਾ

(3) ਦਲੀਪ ਕੌਰ ਟਿਵਾਣਾ

(4) ਸੁਖਵਿੰਦਰ ਅੰਮ੍ਰਿਤ

28 ਈਸ਼ਵਰ ਚੰਦਰ ਨੰਦਾ ਦੇ ਨਾਟਕਾਂ ਦੀ ਮੁਖ ਸੁਰ ਕੀ ਹੈ?

(1) ਕ੍ਰਾਂਤੀਕਾਰੀ

(2) ਸੁਧਾਰਵਾਦੀ

(3) ਸਮਝੌਤਾਵਾਦੀ

(4) ਭਾਂਜਵਾਦੀ

29 'ਅੱਜ ਕੱਲ੍ਹ ਤੇ ਭਲਕ' ਨਾਵਲ ਦਾ ਰਚੈਤਾ ਕੌਣ ਹੈ:-

(1) ਆਈ. ਸੀ. ਨੰਦਾ

(2) ਸੰਤ ਸਿੰਘ ਸੇਖੋਂ

(3) ਹਰਚਰਨ ਸਿੰਘ

(4) ਬਲਵੰਤ ਗਾਰਗੀ

30 'ਕਣਕ ਦੀ ਬੱਲੀ' ਅਤੇ 'ਧੂਣੀ ਦੀ ਅੱਗ' ਨਾਟਕਾਂ ਦਾ ਲੇਖਕ ਕੌਣ ਹੈ?

(1) ਕਰਤਾਰ ਸਿੰਘ ਦੁੱਗਲ

(2) ਰੋਸ਼ਨ ਲਾਲ ਅਹੂਜਾ

(3) ਅਜਮੇਰ ਸਿੰਘ ਔਲਖ

(4) ਬਲਵੰਤ ਗਾਰਗੀ

adda247

31 ਗੁਰਦਿਆਲ ਸਿੰਘ ਦੇ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਨਾਵਲ ਦਾ ਨਾਂ ਦੱਸੋ:-

(1) ਮੜ੍ਹੀ ਦਾ ਦੀਵਾ

(2) ਕੁਵੇਲਾ

(3) ਇੱਕ ਮਿਆਨ ਦੋ ਤਲਵਾਰਾਂ

(4) ਪਵਿੱਤਰ ਪਾਪੀ

32 ਪੰਜਾਬੀ ਦੇ ਪਹਿਲੇ ਨਾਟਕਕਾਰ ਦਾ ਨਾਂ ਲਿਖੋ:-

(1) ਹਰਚਰਨ ਸਿੰਘ

(2) ਭਾਈ ਵੀਰ ਸਿੰਘ

(3) ਈਸ਼ਵਰ ਚੰਦਰ ਨੰਦਾ

(4) ਬਲਵੰਤ ਗਾਰਗੀ

33 'ਸਿੱਖਾਂ ਦੇ ਰਾਜ ਦੀ ਵਿਥਿਆਂ' ਅਤੇ 'ਪੰਜਾਬੀ ਬਾਤ ਚੀਤ' ਪੁਸਤਕਾਂ ਦੇ ਲੇਖਕ ਦਾ ਨਾਂ ਦੱਸੋ:-

(1) ਧਨੀ ਰਾਮ ਚਾਤ੍ਰਿਕ

(2) ਪ੍ਰੋ. ਪੂਰਨ ਸਿੰਘ

(3) ਸ਼ਰਧਾ ਰਾਮ ਫਿਲੌਰੀ

(4) ਭਾਈ ਵੀਰ ਸਿੰਘ

34 ਪੰਜਾਬੀ ਦੇ ਉਸ ਵਾਰਤਕ ਲਿਖਾਰੀ ਦਾ ਨਾਂ ਲਿਖੋ ਜਿਹੜਾ ਪ੍ਰਸਿੱਧ ਫਿਲਮੀ ਕਲਾਕਾਰ ਵੀ ਹੋਇਆ ਹੈ?

(1) ਬਲਵੰਤ ਗਾਰਗੀ

(2) ਬਲਰਾਜ ਸਾਹਨੀ

(3) ਵਣਜਾਰਾ ਬੇਦੀ

(4) ਸ਼ਿਵ ਕੁਮਾਰ

35 ਗਿਆਨੀ ਗੁਰਦਿੱਤ ਸਿੰਘ ਦੀ ਪ੍ਰਸਿੱਧ ਅਤੇ ਪ੍ਰਤੀਨਿਧ ਪੁਸਤਕ ਦਾ ਨਾਂ ਲਿਖੋ:-

(1) ਮੇਰਾ ਪਿੰਡ

(2) ਖੁੱਲ੍ਹੇ ਲੇਖ

(3) ਮੇਰਾ ਜੀਵਨ ਕਹਾਣੀ

(4) ਪਰਮ ਮਨੁੱਖ

36 'ਜੁਗਨੂੰ ਦੀਵਾ ਤੇ ਦਰਿਆ' ਅਤੇ 'ਸ਼ੀਸ਼ੇ ਦਾ ਜੰਗਲ' ਕਾਵਿ-ਸੰਗ੍ਰਹਿਆਂ ਦੇ ਲੇਖਕ ਦਾ ਨਾਂ ਦੱਸੋ

(1) ਡਾ. ਝਗਤਾਰ

(2) ਸ਼ਿਵ ਕੁਮਾਰ

(3) ਪ੍ਰੋ. ਮੋਹਨ ਸਿੰਘ

(4) ਅੰਮ੍ਰਿਤਾ ਪ੍ਰੀਤਮ

37 ਨਿੱਕੀਆਂ ਕਵਿਤਾਵਾਂ ਦਾ ਵੱਡਾ ਕਵੀ ਕਿਸ ਨੂੰ ਕਿਹਾ ਜਾਂਦਾ ਹੈ:-

(1) ਅਮੀਰ ਖੁਸਰੋ ਨੂੰ

(2) ਭਾਈ ਵੀਰ ਸਿੰਘ ਨੂੰ

(3) ਧਨੀ ਰਾਮ ਚਾਤ੍ਰਿਕ ਨੂੰ

(4) ਸ਼ਿਵ ਕੁਮਾਰ ਨੂੰ

38 'ਕਾਫ਼ੀ' ਕਾਵਿ-ਰੂਪ ਦੀ ਸਭ ਤੋਂ ਪਹਿਲਾਂ ਕਿਸ ਨੇ ਵਰਤੋਂ ਕੀਤੀ:-

(1) ਸੇਖ਼ ਫ਼ਰੀਦ ਨੇ

(2) ਸ਼ਾਹ ਹੁਸੈਨ ਨੇ

(3) ਬੁਲ੍ਹੇ ਸ਼ਾਹ ਨੇ

(4) ਹਾਸ਼ਮ ਸ਼ਾਹ ਨੇ

39 ਕਿਸ ਗੁਰੂ ਨੇ ਗੁਰਮਤਿ ਸਾਹਿਤ ਵਿਚ ਬੀਰ ਰਸ ਨੂੰ ਉਜਾਗਰ ਕੀਤਾ:-

(1) ਗੁਰੂ ਨਾਨਕ ਦੇਵ ਜੀ ਨੇ

(2) ਗੁਰੂ ਅਰਜਨ ਦੇਵ ਨੇ

(3) ਭਾਈ ਮਨੀ ਸਿੰਘ ਨੇ

(4) ਗੁਰੂ ਗੋਬਿੰਦ ਸਿੰਘ ਨੇ

40 ਗੁਰੂ ਅਰਜਨ ਦੇਵ ਜੀ ਨੇ ਕਿਸ ਕਵੀ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਕਹਿ ਕੇ ਸਤਿਕਾਰਿਆ:-

(1) ਪੀਲੂ

(2) ਕਬੀਰ

(3) ਭਾਈ ਗੁਰਦਾਸ

(4) ਸ਼ਾਹ ਹੁਸੈਨ

adda247

41 ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਦਾ ਵਿਸ਼ਾ ਕੀ ਹੈ?

(1) ਅਧਿਆਤਮਕ

(2) ਰੋਮਾਂਟਿਕ

(3) ਸ਼ਿੰਗਾਰਿਕ

(4) ਯਥਾਰਥਕ

42 ਪੰਜਾਬੀ ਸਾਹਿਤ ਦਾ ਆਰੰਭ ਕਿਹੜੀ ਸਦੀ ਤੋਂ ਮੰਨਿਆ ਜਾਂਦਾ ਹੈ?

(1) ਬਾਹਰਵੀਂ ਸਦੀ ਵਿਚ

(2) ਗਿਆਰਵੀਂ ਸਦੀ ਵਿਚ

(3) ਨੌਵੀਂ ਸਦੀ ਵਿਚ

(4) ਪਹਿਲੀ ਸਦੀ ਵਿਚ

43 ਨਾਵਲ ਸਾਹਿਤ ਰੂਪ ਕਿਸ ਯੁਗ ਵਿਚ ਆ ਕੇ ਜਨਮ ਲੈਂਦਾ ਹੈ?

(1) ਪੁਰਾਤਨ ਯੁਗ ਵਿਚ

(2) ਪੂੰਜੀਵਾਦੀ/ ਆਧੁਨਿਕ ਯੁਗ ਵਿਚ

(3) ਮੱਧ ਕਾਲ ਵਿਚ

(4) ਪੱਥਰ ਯੁਗ ਵਿਚ

44 ਸ਼ਾਹਿਤ ਆਲੋਚਨਾ ਦੀ ਦ੍ਰਿਸ਼ਟੀ ਤੋਂ ਰਸ ਕਿੰਨੀ ਕਿਸਮ ਦੇ ਹੁੰਦੇ ਹਨ:-

(1) ਅੱਠ ਕਿਸਮ ਦੇ

(2) ਨੌਂ ਕਿਸਮ ਦੇ

(3) ਛੇ ਕਿਸਮ ਦੇ

(4) ਦਸ ਕਿਸਮ ਦੇ

45 ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿਚ ਕਿਸ ਵਰਗ ਦੀਆਂ ਸਮੱਸਿਆਵਾਂ ਨੂੰ ਮੁੱਖ ਰੂਪ ਵਿਚ ਉਭਾਰਿਆ ਹੈ:-

(1) ਉਚ ਵਰਗ ਦੀਆਂ ਸਮੱਸਿਆਵਾਂ ਨੂੰ

(2) ਨਿਮਨ ਵਰਗ ਦੀਆਂ ਸਮੱਸਿਆਵਾਂ ਨੂੰ

(3) ਮੱਧ ਵਰਗ ਦੀਆਂ ਸਮੱਸਿਆਵਾਂ ਨੂੰ

(4) ਕਿਸੇ ਵੀ ਵਰਗ ਦੀਆਂ ਸਮੱਸਿਆਵਾਂ ਨੂੰ ਨਹੀਂ

adda247

46 ਆਧੁਨਿਕ ਦੌਰ ਦੇ ਦੋ ਨਾਟਕਕਾਰਾਂ ਦੇ ਨਾਂ ਦੱਸੋ:-

(1) ਹਰਚਰਨ ਸਿੰਘ, ਆਤਮਜੀਤ

(2) ਨਾਨਕ ਸਿੰਘ, ਗੁਰਦਿਆਲ ਸਿੰਘ

(3) ਸ਼ਿਵ ਕੁਮਾਰ, ਅਵਤਾਰ ਸਿੰਘ ਪਾਸ਼

(4) ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ

47 ਪੰਜਾਬੀ ਦੇ ਕਿਸੇ ਇਕ ਪ੍ਰਯੋਗਵਾਦੀ ਕਵੀ ਦਾ ਨਾਂ ਲਿਖੋ:-

(1) ਜਸਬੀਰ ਸਿੰਘ ਆਹਲੂਵਾਲੀਆਂ

(2) ਰਜਬ ਅਲੀ

(3) ਸ਼ਿਵ ਕੁਮਾਰ ਬਟਾਲਵੀ

(4) ਭਾਈ ਵੀਰ ਸਿੰਘ

48 'ਰਸੀਦੀ ਟਿਕਟ' ਕਿਸ ਲੇਖਕਾਂ ਦੀ ਸਵੈ-ਜੀਵਨੀ ਹੈ:-

(1) ਦਲੀਪ ਕੌਰ ਟਿਵਾਣਾ

(2) ਅਜੀਤ ਕੌਰ

(3) ਬਚਿੰਤ ਕੌਰ

(4) ਅੰਮ੍ਰਿਤਾ ਪ੍ਰੀਤਮ

49 ਗੁਰੂ ਸਾਹਿਬਾਨ ਵੱਲੋਂ ਲਿਖੇ ਗਏ ਬਾਰਾਮਾਹਿਆਂ ਵਿਚ ਕਿਸ ਰਸ ਦਾ ਪ੍ਰਯੋਗ ਹੋਇਆ ਹੈ:-

(1) ਹਾਸ ਰਸ ਦਾ

(2) ਬੀਰ ਰਸ ਦਾ

(3) ਰੌਦਰ ਰਸ ਦਾ

(4) ਸ਼ਾਂਤ ਰਸ ਦਾ

50 ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਰਚਨਾ ਦਾ ਨਾਂ ਦੱਸੋ:-

(1) ਬਾਬਰਵਾਦੀ

(2) ਆਰਤੀ

(3) ਬਾਰਾਮਾਹ

(4) ਜਪੁਜੀ ਸਾਹਿਬ

adda247

51 ਛੱਠ ਨਮਾਜ਼ਾਂ ਤੇ ਚਿਕੜ ਰੋਜ਼ੇ, ਕਲਮੇ 'ਤੇ ਫਿਰ ਗਈ ਸਿਆਹੀ ਬੁਲ੍ਹੇ ਸ਼ਾਹ ਸ਼ਹੁ ਅੰਦਰੋਂ ਮਿਲਿਆ, ਭੁੱਲੀ ਫਿਰੇ ਲੋਕਾਈ, ਵਿਚ ਬੁਲ੍ਹੇ ਸ਼ਾਹ ਨੇ ਸ਼ਹੁ ਕਿਸ ਨੂੰ ਕਿਹਾ ਹੈ?

(1) ਅਧਿਆਪਕ ਨੂੰ

(2) ਪਰਮਾਤਮਾ ਨੂੰ

(3) ਸਰਕਾਰ ਨੂੰ

(4) ਅਧਿਕਾਰੀ ਨੂੰ

52 'ਸੋ ਕਿਉ ਮੰਦਾ ਆਖੀਐ ਜਿਨ ਜੰਮਹਿ ਰਾਜਾਨ' ਕਿਸ ਗੁਰੂ ਦੀ ਰਚਨਾ ਹੈ?

(1) ਗੁਰੂ ਨਾਨਕ ਦੇਵ ਜੀ ਦੀ

(2) ਗੁਰੂ ਤੇਗ ਬਹਾਦਰ ਜੀ ਦੀ

(3) ਗੁਰੂ ਅਰਜਨ ਦੇਵ ਜੀ ਦੀ

(4) ਗੁਰੂ ਗੋਬਿੰਦ ਸਿੰਘ ਜੀ ਦੀ

53 ਬਾਬਾ ਸੇਖ਼ ਫ਼ਰੀਦ ਦੇ ਕਿੰਨੇ ਸ਼ਬਦ ਤੇ ਸਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ?

(1) 112 ਸ਼ਬਦ ਅਤੇ 4 ਸਲੋਕ

(2) 4 ਸ਼ਬਦ ਅਤੇ 112 ਸਲੋਕ

(3) 12 ਸ਼ਬਦ ਅਤੇ 40 ਸਲੋਕ

(4) ਕੋਈਂ ਵੀ ਨਹੀਂ

54 ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਆਦਿ ਗ੍ਰੰਥ' ਦੀ ਸੰਪਾਦਨਾ ਕਦੋਂ ਕੀਤੀ?

(1) 1539 ਈ:

(2) 1604 ਈ:

(3) 1699 ਈ:

(4) 1708 ਈ:

55 ਭਾਈ ਗੁਰਦਾਸ ਨੇ ਕਿੰਨੀਆਂ ਅਧਿਆਤਮਕ ਵਾਰਾਂ ਦੀ ਰਚਨਾ ਕੀਤੀ?

(1) 57

(2) 62

(3) 49

(4) 39

adda247

56 'ਗੁਰਬਾਣੀ ਦੀ ਕੁੰਜੀ' ਕਿਸ ਦੀ ਰਚਨਾ ਨੂੰ ਕਿਹਾ ਗਿਆ ਹੈ?

(1) ਗੁਰੂ ਨਾਨਕ ਦੇਵ ਜੀ ਦੀ

(2) ਗੁਰੂ ਅਰਜਨ ਦੇਵ ਜੀ ਦੀ

(3) ਗੁਰੂ ਗੋਬਿੰਦ ਸਿੰਘ ਜੀ ਦੀ

(4) ਭਾਈ ਗੁਰਦਾਸ ਜੀ

57 ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮਾ' ਕਿਸ ਮੁਗਲ ਬਾਦਸ਼ਾਹ ਨੂੰ ਲਿਖਿਆ?

(1) ਅਕਬਰ

(2) ਔਰੰਗਜੇਬ

(3) ਜਹਾਂਗੀਰ

(4) ਬਾਬਰ

58 'ਚੰਡੀ ਦੀ ਵਾਰ' ਕਿਸ ਦੀ ਰਚਨਾ ਹੈ?

(1) ਸ਼ਾਹ ਮੁਹੰਮਦ

(2) ਭਾਈ ਗੁਰਦਾਸ

(3) ਗੁਰੂ ਗੋਬਿੰਦ ਸਿੰਘ

(4) ਨਜਾਬਤ

59 ਪੰਜਾਬੀ ਕਿੱਸਾ ਕਾਵਿ ਦਾ ਮੋਢੀ ਕਿਸ ਨੂੰ ਮੰਨਿਆ ਜਾਂਦਾ ਹੈ?

(1) ਪੀਲੂ

(2) ਵਾਰਸ ਸ਼ਾਹ

(3) ਹਾਸ਼ਮ

(4) ਦਮੋਦਰ

60 ਪੀਲੂ ਦੀ ਸ਼ਾਹਕਾਰ ਰਚਨਾ ਦਾ ਨਾਂ ਦੱਸੋ?

(1) ਮਿਰਜ਼ਾ ਸਾਹਿਬਾਂ

(2) ਸੱਸੀ ਪੁੰਨੂੰ

(3) ਹੀਰ ਰਾਂਝਾ

(4) ਸ਼ੀਰੀਂ ਫਰਿਆਦ

61 'ਰਾਣਾ ਸੂਰਤ ਸਿੰਘ' ਮਹਾਂ ਕਾਵਿ ਦੀ ਰਚਨਾ ਕਿਸ ਨੇ ਕੀਤੀ?

(1) ਪ੍ਰੋ. ਪੂਰਨ ਸਿੰਘ

(2) ਭਾਈ ਵੀਰ ਸਿੰਘ

(3) ਅੰਮ੍ਰਿਤਾ ਪ੍ਰੀਤਮ

(4) ਧਨੀ ਰਾਮ ਚਾਤ੍ਰਿਕ

62 ਛੰਦ ਕੀ ਹੁੰਦਾ ਹੈ?

(1) ਵਰਨਾਂ ਦੀ ਗਿਣਤੀ ਤੇ ਵਿਉਂਤ

(2) ਮਾਤਰਾਵਾਂ ਦੀ ਗਿਣਤੀ ਦਾ ਵੇਰਵਾ

(3) ਕਵਿਤਾ ਵਿਚ ਵਰਨਾਂ ਤੇ ਮਾਤਰਾਵਾਂ ਦੀ ਖਾਸ ਵਿਉਂਤ

(4) ਉਪਰੋਕਤ ਵਿਚੋਂ ਕੋਈ ਵੀ ਨਹੀਂ

63 ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖੀ 'ਚੰਡੀ ਦੀ ਵਾਰ' ਵਿਚ ਪ੍ਰਧਾਨ ਰਸ ਕਿਹੜਾ ਹੈ?

(1) ਰੌਦਰ ਰਸ

(2) ਸ਼ਾਂਤ ਰਸ

(3) ਅਦਭੁਤ ਰਸ

(4) ਵੀਰ ਰਸ

64 'ਠਰ੍ਹੰਮਾ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ:-

(1) ਧੀਰਜ

(2) ਘਬਰਾਹਟ

(3) ਚੰਚਲਤਾ

(4) ਉਪਰੋਕਤ ਵਿਚੋਂ ਕੋਈ ਵੀ ਨਹੀਂ

65 'ਮੇਰਾ ਵਲਾਇਤੀ ਸਫ਼ਰਨਾਮਾ' ਕਿਸ ਦਾ ਲਿਖਿਆ ਹੋਇਆ ਹੈ?

(1) ਸ਼ਰਧਾ ਰਾਮ ਫਿਲੌਰੀ

(2) ਪ੍ਰਿੰ. ਤੇਜਾ ਸਿੰਘ

(3) ਲਾਲ ਸਿੰਘ ਕਮਲਾ ਅਕਾਲੀ

(4) ਬਲਰਾਜ ਸਾਹਨੀ

adda247

66 'ਆਰਸੀ' ਸਵੈ-ਜੀਵਨੀ ਦਾ ਰਚੈਤਾ ਕੌਣ ਹੈ?

(1) ਪ੍ਰਿੰ. ਤੇਜਾ ਸਿੰਘ

(2) ਪ੍ਰਿੰ. ਸ਼ਾਹਿਬ ਸਿੰਘ

(3) ਪ੍ਰਿੰ. ਸ.ਸ.ਅਮੋਲ

(4) ਡਾ. ਹਰਭਜਨ ਸਿੰਘ

67 'ਅੱਧ ਚਾਨਣੀ ਰਾਤ' ਕਿਸ ਦਾ ਨਾਵਲ ਹੈ?

(1) ਜਸਵੰਤ ਸਿੰਘ ਕੰਵਲ

(2) ਨਾਨਕ ਸਿੰਘ,

(3) ਗੁਰਦਿਆਲ ਸਿੰਘ

(4) ਰਾਮ ਸਰੂਪ ਅਣਖੀ

68 'ਪੱਤਣ ਦੀ ਬੇੜੀ' ਇਕਾਂਗੀ ਦਾ ਰਚੈਤਾ ਕੌਣ ਹੈ?

(1) ਈਸ਼ਵਰ ਚੰਦਰ ਨੰਦਾ

(2) ਗੁਰਚਰਨ ਸਿੰਘ ਜਸੂਜਾ

(3) ਪਾਂਧੀ ਨਨਕਾਣਵੀ

(4) ਬਲਵੰਤ ਗਾਰਗੀ

69 ਡਾ. ਹਰਿਭਜਨ ਸਿੰਘ ਨੂੰ ਕਾਵਿ-ਰਚਨਾ ਉਤੇ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ?

(1) ਲਾਸਾਂ

(2) ਨਾ ਧੁੱਪੇ ਨਾ ਛਾਵੇਂ

(3) ਰੁੱਖ ਤੇ ਰਿਸ਼ੀ

(4) ਤਾਰ ਤੁਪਕਾ

70 'ਮਾਟੀ ਕੁਦਮ ਕਰੇਂਦੀ ਯਾਰ'ਕਾਫ਼ੀ ਕਿਸ ਦੀ ਰਚਨਾ ਹੈ?

(1) ਬੁਲ੍ਹੇ ਸ਼ਾਹ

(2) ਸ਼ਾਹ ਹੁਸੈਨ

(3) ਅਲੀ ਹੈਦਰ

(4) ਸ਼ੇਖ਼ ਫ਼ਰੀਦ

adda247

71 ਹੇਠ ਲਿਖਿਆਂ ਵਿਚੋਂ ਕਿਹੜਾ ਨਾਵਲ ਗੁਰਦਿਆਲ ਸਿੰਘ ਦਾ ਲਿਖਿਆ ਹੋਇਆ ਹੈ?

(1) ਅਣਹੋਏ

(2) ਚਿੱਟਾ ਲਹੂ

(3) ਰੰਗ ਦਾ ਪੱਤਾ

(4) ਰਾਣਾ ਸੂਰਤ ਸਿੰਘ

72 'ਹਵਾ ਵਿਚ ਲਿਖੇ ਹਰਫ਼' ਕਿਸ ਕਵੀ ਦੀ ਰਚਨਾ ਹੈ?

(1) ਸੁਰਜੀਤ ਪਾਤਰ

(2) ਡਾ. ਜਗਤਾਰ

(3) ਪ੍ਰੀਤਮ ਸਿੰਘ ਸਫ਼ੀਰ

(4) ਅੰਮ੍ਰਿਤਾ ਪ੍ਰੀਤਮ

73 'ਖੁਲ੍ਹੇ ਘੁੰਢ', 'ਖੁਲ੍ਹੇ ਮੈਦਾਨ' ਅਤੇ 'ਖੁਲ੍ਹੇ ਅਸਮਾਨੀ ਰੰਗ' ਕਾਵਿ-ਸੰਗ੍ਰਹਿਆਂ ਦਾ ਰਚੈਤਾ ਕੌਣ ਹੈ?

(1) ਪ੍ਰੋ. ਮੋਹਨ ਸਿੰਘ

(2) ਪ੍ਰੋ. ਪੂਰਨ ਸਿੰਘ

(3) ਸੁਰਜੀਤ ਪਾਤਰ

(4) ਭਾਈ ਵੀਰ ਸਿੰਘ

74 ਨਾਵਲਕਾਰ ਨਾਨਕ ਸਿੰਘ ਦੀ ਸਵੈ-ਜੀਵਨੀ ਦਾ ਨਾਂ ਕੀ ਹੈ?

(1) ਮੇਰੀ ਜੀਵਨ ਕਹਾਣੀ

(2) ਆਪ ਬੀਤੀ

(3) ਮੇਰੀ ਦੁਨੀਆਂ

(4) ਮੇਰੀਆਂ ਕੁੱਝ ਇਤਿਹਾਸਕ ਯਾਦਾਂ

75 ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ
ਕੱਛੇ ਮਾਰ ਵੰਝਲੀ ਆਨੰਦ ਛਾ ਗਿਆ

ਉਪਰੋਕਤ ਕਾਵਿ-ਪੰਕਤੀਆਂ ਕਿਸ ਕਵੀ ਦੀ ਰਚਨਾ ਹੈ ਤੇ ਇਨਾਂ ਵਿਚ ਕਿਹੜਾ ਛੰਦ ਵਰਤਿਆ ਗਿਆ ਹੈ?

(1) ਪ੍ਰੋ. ਮੋਹਨ ਸਿੰਘ, ਬੈਂਤ

(2) ਧਨੀ ਰਾਮ ਚਾਤ੍ਰਿਕ, ਕਰੋੜਾ ਛੰਦ

(3) ਅੰਮ੍ਰਿਤਾ ਪ੍ਰੀਤਮ, ਦਵੱਈਆ

(4) ਪ੍ਰੋ. ਪੂਰਨ ਸਿੰਘ, ਸਵੱਈਆ ਛੰਦ

adda247

76 ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕੌਣ ਹੈ?

(1) ਧਨੀ ਰਾਮ ਚਾਤ੍ਰਿਕ

(2) ਭਾਈ ਵੀਰ ਸਿੰਘ

(3) ਫ਼ੀਰੋਜ਼ਦੀਨ ਸ਼ਰਫ਼

(4) ਇਨ੍ਹਾਂ ਵਿਚੋਂ ਕੋਈ ਵੀ ਨਹੀਂ

77 'ਦੁੱਧ ਦਾ ਛੱਪੜ' ਕਿਸ ਕਹਾਣੀਕਾਰ ਦੀ ਰਚਨਾ ਹੈ?

(1) ਕੁਲਵੰਤ ਸਿੰਘ ਵਿਰਕ

(2) ਸੁਜਾਨ ਸਿੰਘ

(3) ਦਲੀਪ ਕੌਰ ਟਿਵਾਣਾ

(4) ਪ੍ਰੇਮ ਪ੍ਰਕਾਸ਼

78 ਗੁਰਦਿਆਲ ਸਿੰਘ ਦੇ ਨਾਵਲਾਂ ਉਤੇ ਕਿਸ ਉਪਭਾਸ਼ਾ ਦਾ ਵਧੇਰੇ ਪ੍ਰਭਾਵ ਹੈ?

(1) ਮਾਲੀ

(2) ਪੁਆਧੀ

(3) ਮਲਵਈ

(4) ਦੁਆਬੀ

79 ਅਜੀਤ ਕੌਰ ਦੀ ਲਿਖੀ ਹੋਈ ਕਹਾਣੀ ਚੁਣੋ:-

(1) ਰਜਾਈ

(2) ਤਰੱਕੀ

(3) ਕੋਈ ਇਕ ਸਵਾਰ

(4) ਗੁਲਬਾਨੋ

80 ਗੁਰਮੁਖ ਸਿੰਘ ਮੁਸਾਫ਼ਰ ਦੀ ਲਿਖੀ ਕਹਾਣੀ ਕਿਹੜੀ ਹੈ?

(1) ਬਾਗੀ ਦੀ ਧੀ

(2) ਧਰਤੀ ਹੇਠਲਾ ਸ਼ਬਦ

(3) ਅੰਗ ਸੰਗ

(4) ਇਨ੍ਹਾਂ ਵਿਚੋਂ ਕੋਈ ਵੀ ਨਹੀਂ

adda247

81 'ਕੁਲਫ਼ੀ' ਕਹਾਣੀ ਕਿਸ ਦੀ ਲਿਖੀ ਹੋਈ ਹੈ?

(1) ਰਘਬੀਰ ਢੰਡ

(2) ਸੁਜਾਨ ਸਿੰਘ

(3) ਕੁਲਵੰਤ ਸਿੰਘ ਵਿਰਕ

(4) ਅਜੀਤ ਕੌਰ

82 'ਕਾਂਗੜੇ ਦੇ ਲੋਕ ਗੀਤ' ਦਾ ਲੇਖਕ/ ਸੰਪਾਦਕ ਕੌਣ ਹੈ?

(1) ਵਣਜਾਰਾ ਬੇਦੀ

(2) ਕਰਨੈਲ ਸਿੰਘ ਥਿੰਦ

(3) ਡਾ. ਮਹਿੰਦਰ ਸਿੰਘ ਰੰਧਾਵਾ

(4) ਡਾ. ਨਾਹਰ ਸਿੰਘ

83 'ਕੱਠੇ ਖੜਕ ਸਿੰਘ' ਨਾਵਲ ਕਿਸ ਦਾ ਲਿਖਿਆ ਹੋਇਆ ਹੈ?

(1) ਦਲੀਪ ਕੌਰ ਟਿਵਾਣਾ

(2) ਰਾਮ ਸਰੂਪ ਅਣਖੀ

(3) ਨਿਰੰਜਨ ਤਸਨੀਮ

(4) ਗੁਰਬਚਨ ਸਿੰਘ ਭੁੱਲਰ

84 'ਮੂੰਹ ਆਈ ਬਾਤ ਨਾ ਰਹਿੰਦੀ ਹੈ, ਰੁਕ ਰੁਕ ਕੇ ਜੀਭਾ ਕਹਿੰਦੀ ਹੈ, ਝੂਠ ਆਖਾਂ ਤਾਂ ਕੁਝ ਬਚਦਾ ਹੈ, ਸੱਚ ਆਖਿਆਂ ਭਾਂਬੜ ਮਚਦਾ ਹੈ'। ਕਿਸ ਕਵੀ ਦੀ ਰਚਨਾ ਹੈ:-

(1) ਬਾਬਾ ਫ਼ਰੀਦ

(2) ਸ਼ਾਹ ਹੁਸੈਨ

(3) ਗੁਲਾਮ ਫ਼ਰੀਦ

(4) ਬੁਲ੍ਹੇ ਸ਼ਾਹ

85 'ਈਸ਼ਵਰ ਚੰਦਰ ਨੰਦਾ' ਦੇ ਇਕਾਂਗੀ ਸੰਗ੍ਰਹਿ ਦਾ ਨਾਂ ਲਿਖੋ:-

(1) ਸ਼ੋਸ਼ਲ ਸਰਕਲ

(2) ਹਮਜੋਲੀ

(3) ਸ਼ੋਭਾ ਸ਼ਕਤੀ

(4) ਮੈਂ ਇਕ ਸਾਰੰਗੀ ਹਾਂ

adda247

86 ਸ਼ਰਧਾ ਰਾਮ ਫਿਲੌਰੀ ਦਾ ਨਿਬੰਧ ਸੰਗ੍ਰਹਿ ਕਿਹੜਾ ਹੈ?

(1) ਨਵੀਆਂ ਸੋਚਾਂ

(2) ਪੰਜਾਬੀ ਬਾਤ ਚੀਤ

(3) ਪੰਜਾਬੀ ਵਾਕ ਬੋਧ

(4) ਮਲਵਈ ਲੋਕ ਗੀਤ

87 'ਖੁਲ੍ਹੇ ਲੇਖ' ਕਿਸ ਦੀ ਰਚਨਾ ਹੈ?

(1) ਬਲਵੰਤ ਗਾਰਗੀ

(2) ਤੇਜਾ ਸਿੰਘ

(3) ਨਰਿੰਦਰ ਸਿੰਘ ਕਪੂਰ

(4) ਪ੍ਰੋ. ਪੂਰਨ ਸਿੰਘ

88 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਫ਼ਲਸਫ਼ੇ ਨੂੰ ਪ੍ਰਚਾਰਿਤ ਤੇ ਸਥਾਪਤ ਕਰਨ ਵਾਲੇ ਵਾਰਤਕ ਲੇਖਕ ਦਾ ਨਾਂ ਲਿਖੋ:-

(1) ਭਾਈ ਵੀਰ ਸਿੰਘ

(2) ਪ੍ਰੋ. ਪੂਰਨ ਸਿੰਘ

(3) ਗੁਰਬਖ਼ਸ਼ ਸਿੰਘ ਪ੍ਰੀਤਲੜੀ

(4) ਤੇਜਾ ਸਿੰਘ

89 'ਸੁੰਦਰੀ' ਨਾਵਲ ਦਾ ਲੇਖਕ ਕੌਣ ਹੈ?

(1) ਅਜੀਤ ਕੌਰ

(2) ਦਲੀਪ ਕੌਰ ਟਿਵਾਣਾ

(3) ਭਾਈ ਵੀਰ ਸਿੰਘ

(4) ਮਿੱਤਰ ਸੈਨ ਮੀਤ

90 'ਛੱਜ ਵਿਚ ਪਾ ਕੇ ਛੱਟਣਾ' ਮੁਹਾਵਰੇ ਦਾ ਕੀ ਅਰਥ ਹੈ?

(1) ਵਡਿਆਈ ਕਰਨਾ

(2) ਭੰਡਣਾ

(3) ਖੁਸ਼ਾਮਦ ਕਰਨੀ

(4) ਇਨ੍ਹਾਂ ਵਿਚੋਂ ਕੋਈ ਵੀ ਨਹੀਂ

adda247

91 ਗੋਰਖ ਨਾਥ ਪੰਜਾਬੀ ਸਾਹਿਤ ਇਤਿਹਾਸ ਦੇ ਕਿਸ ਕਾਲ ਖੰਡ ਨਾਲ ਸੰਬੰਧ ਰੱਖਦਾ ਹੈ।

(1) ਗੁਰਮਤਿ ਕਾਲ ਨਾਲ

(2) ਮੱਧ ਕਾਲ ਨਾਲ

(3) ਪੂਰਵ ਨਾਨਕ ਕਾਲ ਨਾਲ

(4) ਆਧੁਨਿਕ ਕਾਲ ਨਾਲ

92 'ਗੁਰੂ ਗ੍ਰੰਥ ਸਾਹਿਬ' ਵਿਚ ਕੁਲ ਕਿੰਨੇ ਗੁਰੂਆਂ ਦੀ ਬਾਣੀ ਦਰਜ ਹੈ?

(1) ਦਸ

(2) ਛੇ

(3) ਪੰਜ

(4) ਅੱਠ

93 ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਕਿਸ ਗੁਰੂ ਦੀ ਰਚਨਾ ਸੰਕਲਿਤ ਹੈ?

(1) ਗੁਰੂ ਨਾਨਕ ਦੇਵ

(2) ਗੁਰੂ ਅਰਜਨ ਦੇਵ

(3) ਗੁਰੂ ਤੇਗ ਬਹਾਦਰ

(4) ਗੁਰੂ ਰਾਮਦਾਸ ਜੀ

94 ਸੂਫ਼ੀ ਕਾਵਿ-ਧਾਰਾ ਦਾ ਸੰਬੰਧ ਕਿਸ ਧਰਮ ਨਾਲ ਹੈ:-

(1) ਸਿੱਖ ਧਰਮ

(2) ਇਸਲਾਮ ਧਰਮ ਨਾਲ

(3) ਇਸਾਈ ਧਰਮ ਨਾਲ

(4) ਯਹੂਦੀ ਧਰਮ ਨਾਲ

95 ਸੂਫ਼ੀ ਕਾਵਿ-ਧਾਰਾ ਦਾ ਸੰਬੰਧ ਕਿਹੜੀ ਸਦੀ ਨਾਲ ਹੈ:-

(1) ਗਿਆਰਵੀਂ

(2) ਬਾਹਰਵੀਂ

(3) ਸਤਵੀਂ

(4) ਅੱਠਵੀਂ

adda247

96 ਬਾਬਾ ਸ਼ੇਖ਼ ਫ਼ਰੀਦ, ਬੁੱਲ੍ਹੇ ਸ਼ਾਹ ਅਤੇ ਸ਼ਾਹ ਹੁਸੈਨ ਨੂੰ ਇਤਿਹਾਸਕ ਕਾਲ-ਕ੍ਰਮ ਅਨੁਸਾਰ ਲਿਖੋ:-

(1) ਬੁੱਲ੍ਹੇ ਸ਼ਾਹ, ਸ਼ੇਖ਼ ਫ਼ਰੀਦ, ਸ਼ਾਹ ਹੁਸੈਨ

(2) ਸ਼ਾਹ ਹੁਸੈਨ, ਸ਼ੇਖ਼ ਫ਼ਰੀਦ, ਬੁੱਲ੍ਹੇ ਸ਼ਾਹ

(3) ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ

(4) ਇਨ੍ਹਾਂ ਵਿਚੋਂ ਕੋਈ ਵੀ ਨਹੀਂ

97 ਗਦਰੀ ਕਵਿਤਾ ਦਾ ਸੰਬੰਧ ਕਿਸ ਕਾਵਿ-ਧਾਰਾ ਨਾਲ ਹੈ?

(1) ਰੋਮਾਂਟਿਕ ਕਾਵਿ-ਧਾਰਾ

(2) ਆਦਰਸ਼ਵਾਦੀ ਕਾਵਿ-ਧਾਰਾ

(3) ਪ੍ਰਗਤੀਵਾਦੀ ਨਾਲ ਜੁੜੀ ਕਾਵਿ-ਧਾਰਾ

(4) ਪ੍ਰਯੋਗਵਾਦੀ ਕਾਵਿ-ਧਾਰਾ

98 ਪੰਜਾਬੀ ਦਾ ਸ਼੍ਰੋਮਣੀ ਕਿੱਸਾਕਾਰ ਕਿਸ ਨੂੰ ਕਿਹਾ ਜਾਂਦਾ ਹੈ?

(1) ਦਮੋਦਰ

(2) ਪੀਲੂ

(3) ਵਾਰਿਸ ਸ਼ਾਹ

(4) ਕਾਦਰਯਾਰ

99 ਦਮੋਦਰ ਨੇ ਆਪਣੀ ਰਚਨਾ 'ਹੀਰ' ਦਾ ਅੰਤ ਕੀਤਾ ਹੈ :-

(1) ਸੁਖਾਂਤ ਵਿਚ

(2) ਦੁਖਾਂਤ ਵਿਚ

(3) ਸੁਖਾਂਤ/ ਦੁਖਾਂਤ ਵਿਚ

(4) ਇਨ੍ਹਾਂ ਵਿਚੋਂ ਕੋਈ ਵੀ ਨਹੀਂ

100 'ਪੂਰਨ ਭਗਤ' ਕਿੱਸਾ ਕਿਸ ਕਿੱਸਾਕਾਰ ਦਾ ਵਧੇਰੇ ਮਕਬੂਲ ਹੋਇਆ ਹੈ?

(1) ਵਾਰਿਸ ਸ਼ਾਹ ਦਾ

(2) ਦਮੋਦਰ ਦਾ

(3) ਹਾਸ਼ਮ ਸ਼ਾਹ ਦਾ

(4) ਕਾਦਰਯਾਰ ਦਾ

adda247

101 ਸ਼ਾਹ ਮੁਹੰਮਦ ਦਾ ਸੰਬੰਧ ਕਿਸ ਕਾਵਿ-ਧਾਰਾ ਨਾਲ ਹੈ?

(1) ਸੂਫ਼ੀ ਕਾਵਿ-ਧਾਰਾ

(2) ਕਿੱਸਾ ਕਾਵਿ-ਧਾਰਾ

(3) ਗੁਰਮਤਿ ਕਾਵਿ-ਧਾਰਾ

(4) ਬੀਰ ਰਸ ਕਾਵਿ-ਧਾਰਾ

102 ਭਾਈ ਵੀਰ ਸਿੰਘ ਕਾਵਿ ਦੀ ਮੂਲ ਸੁਰ ਕਿਹੜੀ ਹੈ?

(1) ਪ੍ਰਗਤੀਵਾਦੀ

(2) ਰਹੱਸਵਾਦੀ

(3) ਰਾਸ਼ਟਰਵਾਦੀ

(4) ਪ੍ਰਯੋਗਵਾਦੀ

103 ਅੰਮ੍ਰਿਤਾ-ਮੋਹਨ ਸਿੰਘ ਕਾਵਿ ਦਾ ਸੰਬੰਧ ਕਿੰਨ੍ਹਾਂ ਕਾਵਿ- ਪ੍ਰਵਿਰਤੀਆਂ ਨਾਲ ਹੈ?

(1) ਪ੍ਰਗਤੀਵਾਦੀ/ ਰੋਮਾਂਸਵਾਦੀ

(2) ਪ੍ਰਯੋਗਵਾਂਦੀ/ ਰੋਮਾਂਸਵਾਦੀ

(3) ਪ੍ਰਗਤੀਵਾਦੀ/ ਅਸਤਿਤਵਵਾਦੀ

(4) ਇਨ੍ਹਾਂ ਵਿਚੋਂ ਕੋਈ ਵੀ ਨਹੀਂ

104 'ਨਣਕਾਇਣ' ਮਹਾਂਕਾਵਿ ਕਿਸ ਕਵੀ ਦੀ ਰਚਨਾ ਹੈ?

(1) ਪ੍ਰੋ. ਪੂਰਨ ਸਿੰਘ

(2) ਪ੍ਰੋ. ਮੋਹਨ ਸਿੰਘ

(3) ਅੰਮ੍ਰਿਤਾ ਪ੍ਰੀਤਮ

(4) ਹਰਿਭਜਨ ਸਿੰਘ

105 'ਪੂਰਨਮਾਸ਼ੀ' ਨਾਵਲ ਦਾ ਲੇਖਕ ਕੌਣ ਹੈ?

(1) ਨਾਨਕ ਸਿੰਘ

(2) ਜਸਵੰਤ ਸਿੰਘ ਕੰਵਲ

(3) ਕਰਤਾਰ ਸਿੰਘ ਦੁੱਗਲ

(4) ਦਵਿੰਦਰ ਸਤਿਆਰਥੀ

106 ਨਿਰੰਜਨ ਤਸਨੀਮ ਦੇ ਨਾਵ੍ਹਲਾਂ ਵਿਚ ਕਿਸ ਵਰਗ ਨੂੰ ਪ੍ਰਮੁੱਖਤਾ ਸਹਿਤ ਚਿਤਰਿਆ ਗਿਆ ਹੈ?

(1) ਪੇਂਡੂ ਮੱਧ ਵਰਗ

(2) ਮੱਧ ਵਰਗ ਨੂੰ (ਕਿਸਾਨੀ)

(3) ਸ਼ਹਿਰੀ ਮੱਧ ਵਰਗ ਨੂੰ

(4) ਨਿਮਨ ਵਰਗ

107 'ਨੰਗੇ ਪੈਰਾਂ ਦਾ ਸਫ਼ਰ' ਪੁਸਤਕ ਦਾ ਲੇਖਕ ਕੌਣ ਹੈ?

(1) ਅੰਮ੍ਰਿਤਾ ਪ੍ਰੀਤਮ

(2) ਦਲੀਪ ਕੌਰ ਟਿਵਾਣਾ

(3) ਹਰਿਭਜਨ ਸਿੰਘ

(4) ਸ਼ਿਵ ਕੁਮਾਰ ਬਟਾਲਵੀ

108 ਸੰਤ ਸਿੰਘ ਸੇਖੋਂ ਦਾ ਸੰਬੰਧ ਕਿਸ ਵਿਚਾਰਧਾਰਾ ਨਾਲ ਹੈ?

(1) ਰੋਮਾਂਸਵਾਦੀ ਵਿਚਾਰਧਾਰਾ

(2) ਪ੍ਰਯੋਗਵਾਦੀ ਵਿਚਾਰਧਾਰਾ

(3) ਅਸਤਿਤਵਵਾਦੀ ਵਿਚਾਰਧਾਰਾ

(4) ਮਾਰਕਸਵਾਦੀ ਵਿਚਾਰਧਾਰਾ

109 'ਲਹੂ ਮਿੱਟੀ' ਨਾਵਲ ਦਾ ਲੇਖਕ ਕੌਣ ਹੈ?

(1) ਨਾਨਕ ਸਿੰਘ

(2) ਸੰਤ ਸਿੰਘ ਸੇਖੋਂ

(3) ਗੁਰਦਿਆਲ ਸਿੰਘ

(4) ਕਰਤਾਰ ਸਿੰਘ ਦੁੱਗਲ

110 ਸੰਤ ਸਿੰਘ ਸੇਖੋਂ ਨਾਲ ਪੰਜਾਬੀ ਵਿਚ ਸਭ ਤੋਂ ਪਹਿਲਾਂ ਕਿਸ ਆਲੋਚਨਾ ਪ੍ਰਣਾਲੀ ਦਾ ਮੁੱਢ ਬੱਝਦਾ ਹੈ?

(1) ਮਾਰਕਸਵਾਦੀ ਆਲੋਚਨਾ ਪ੍ਰਣਾਲੀ

(2) ਸੰਰਚਨਾਵਾਦੀ ਆਲੋਚਨਾ ਪ੍ਰਣਾਲੀ

(3) ਚਿਹਨ ਵਿਗਿਆਨ ਆਲੋਚਨਾ ਪ੍ਰਣਾਲੀ

(4) ਮਨੋਵਿਸ਼ਲੇਸ਼ਣ ਆਲੋਚਨਾ ਪ੍ਰਣਾਲੀ

adda247

111 ਪੰਜਾਬੀ ਵਿਚ ਐਬਸਰਡਵਾਦੀ ਨਾਟਕ ਲਿਖਣ ਵਾਲੇ ਨਾਟਕਕਾਰ ਦਾ ਨਾਂ ਲਿਖੋ:-

(1) ਬਲਵੰਤ ਗਾਰਗੀ

(2) ਸੁਰਜੀਤ ਸਿੰਘ ਸੇਠੀ

(3) ਕਪੂਰ ਸਿੰਘ ਘੁੰਮਣ

(4) ਗੁਰਦਿਆਲ ਸਿੰਘ ਫੁੱਲ

112 'ਕੈਮਲੂਪਸ ਦੀਆਂ ਮੱਛੀਆਂ' ਨਾਟਕ ਦਾ ਲੇਖਕ ਕੌਣ ਹੈ?

(1) ਆਤਮਜੀਤ

(2) ਹਰਸਰਨ ਸਿੰਘ

(3) ਹਰਚਰਨ ਸਿੰਘ

(4) ਬਲਵੰਤ ਗਾਰਗੀ

113 'ਗਿੱਧਾ' ਪੁਸਤਕ ਦਾ ਲੇਖਕ ਕੌਣ ਹੈ?

(1) ਵਣਜਾਰਾ ਬੇਦੀ

(2) ਮਹਿੰਦਰ ਸਿੰਘ ਰੰਧਾਵਾ

(3) ਦਵਿੰਦਰ ਸਤਿਆਰਥੀ

(4) ਕੋਈ ਵੀ ਨਹੀਂ

114 ਅੰਮ੍ਰਿਤਾ ਪ੍ਰੀਤਮ ਦੇ ਭਾਰਤ-ਪਾਕ ਵੰਡ ਸੰਬੰਧਿਤ ਨਾਵਲ ਦਾ ਨਾਂ ਲਿਖੋ:-

(1) ਅਣਹੋਏ

(2) ਪਵਿੱਤਰ ਪਾਪੀ

(3) ਪਿੰਜਰ

(4) ਇਕ ਮਿਆਨ ਦੋ ਤਲਵਾਰਾਂ

115 ਗੁਰਮੁਖੀ ਲਿਪੀ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ:-

(1) ਪੈਂਤੀ ਅੱਖਰੀ

(2) ਦੇਵ ਨਾਗਰੀ

(3) ਸ਼ਾਹਮੁਖੀ

(4) ਕੋਈ ਵੀ ਨਹੀਂ

adda247

116 ਪੰਜਾਬੀ ਲਿਖਣ ਲਈ ਗੁਰਮੁਖੀ ਲਿਪੀ ਵਿਚ ਕਿੰਨੀਆਂ ਮਾਤਰਾਵਾਂ ਵਰਤੀਆਂ ਜਾਂਦੀਆਂ ਹਨ।

(1) ਅੱਠ

(2) ਨੌਂ

(3) ਦੱਸ

(4) ਵੀਹ

117 ਪੰਜਾਬੀ ਦੀਆਂ ਦੋ ਹੋਰ ਉਪ ਬੋਲੀਆਂ ਦੇ ਨਾਂ ਲਿਖੋ:-

(1) ਮਾਝੀ/ ਦੁਆਬੀ

(2) ਦੇਵਨਾਗਰੀ/ ਭੋਜਪੁਰੀ

(3) ਜਰਮਨ/ ਸਪੈਨਿਸ਼

(4) ਕੋਈ ਵੀ ਨਹੀਂ

118 'ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ' ਪੁਸਤਕ ਦਾ ਲੇਖਕ ਕੌਣ ਹੈ?

(1) ਪ੍ਰੇਮ ਪ੍ਰਕਾਸ਼ ਸਿੰਘ

(2) ਅਤਰ ਸਿੰਘ

(3) ਜੀ. ਬੀ. ਸਿੰਘ

(4) ਕ੍ਰਿਪਾਲ ਸਿੰਘ ਕਸੇਲ

119 'ਗੁਰੂ ਗ੍ਰੰਥ ਸਾਹਿਬ' ਕਿਸ ਲਿਪੀ ਵਿਚ ਹੈ:-

(1) ਗੁਰਮੁਖੀ

(2) ਦੇਵ ਨਾਗਰੀ

(3) ਰੋਮਨ

(4) ਸ਼ਾਹਮੁਖੀ

120 ਘੋੜੀਆਂ ਗਾਉਣ ਦਾ ਸੰਬੰਧ ਵਿਆਹ ਦੀ ਕਿਸ ਧਿਰ ਨਾਲ ਹੈ:-

(1) ਕੁੜੀ ਦੇ ਵਿਆਹ ਨਾਲ

(2) ਮੁੰਡੇ ਦੇ ਵਿਆਹ ਨਾਲ

(3) ਭੂਆ ਦੇ ਵਿਆਹ ਨਾਲ

(4) ਮਾਮੇ ਦੇ ਵਿਆਹ ਨਾਲ

adda247

121 'ਅਲਾਹੁਣੀ' ਕਿਸ ਭਾਵ ਨੂੰ ਪ੍ਰਗਟ ਕਰਦੀ ਹੈ:-

(1) ਦੁੱਖ ਦੇ ਭਾਵਾਂ ਨੂੰ

(2) ਸੁੱਖ ਦੇ ਭਾਵਾਂ ਨੂੰ

(3) ਹਾਸੇ ਦੇ ਭਾਵਾਂ ਨੂੰ

(4) ਇਨ੍ਹਾਂ ਵਿਚ ਕੋਈ ਵੀ ਨਹੀਂ

122 ਤ੍ਰਿੰਞਣ ਕਿਸ ਨੂੰ ਕਹਿੰਦੇ ਹਨ?

(1) ਜਿਥੇ ਮੁਟਿਆਰਾਂ/ ਗੱਭਰੂ ਇਕੱਠੇ ਬੈਠ ਕੇ ਗਾਉਂਦੇ ਹਨ।

(2) ਜਿਥੇ ਬਜ਼ੁਰਗ ਇਕੱਠੇ ਬੈਠ ਕੇ ਗੱਲਾਂ ਕਰਦੇ ਹਨ।

(3) ਜਿਥੇ ਮੁਟਿਆਰਾਂ ਇਕੱਠੀਆਂ ਬੈਠ ਕੇ ਚਰਖ਼ਾ ਕਤਦੀਆਂ ਹਨ।

(4) **ਇਨਾਂ ਚੁ ਕੋਈ ਵੀ ਨਹੀ**

123 'ਪਿਉ-ਪੁੱਤਰ' ਨਾਵਲ ਦਾ ਲੇਖਕ ਕੌਣ ਹੈ?

(1) ਨਾਨਕ ਸਿੰਘ

(2) ਕਰਤਾਰ ਸਿੰਘ ਦੁੱਗਲ

(3) ਨਿਰੰਜਨ ਤਸਨੀਮ

(4) ਸੁਰਿੰਦਰ ਸਿੰਘ ਨਰੂਲਾ

124 'ਗੁੜ੍ਹਤੀ' ਦੀ ਰਚਨਾ ਕਿਸ ਸੰਸਕਾਰ ਨਾਲ ਸੰਬੰਧ ਰਖਦੀ ਹੈ:-

(1) ਜਨਮ

(2) ਵਿਆਹ

(3) ਮੌਤ

(4) ਕੋਈ ਵੀ ਨਹੀਂ

adda247

125 'ਨਵੇਂ ਲੋਕ' ਕਹਾਣੀ-ਸੰਗ੍ਰਹਿ ਦਾ ਲੇਖਕ ਕੌਣ ਹੈ?

(1) ਗੁਰਬਖਸ਼ ਸਿੰਘ ਪ੍ਰੀਤਲੜੀ

(2) ਘੁਰਬਚਨ ਸਿੰਘ ਭੁੱਲਰ

(3) ਕੁਲਵੰਤ ਸਿੰਘ ਵਿਰਕ

(4) ਵਰਿਆਮ ਸਿੰਘ ਸ਼ਮਦੁ

126 ਨਾਟਕ ਦਾ ਸੰਬੰਧ ਮਨੁੱਖ ਦੀ ਕਿਸ ਬਿਰਤੀ ਨਾਲ ਹੈ:-

(1) ਨਕਲ ਕਰਨ ਦੀ ਬਿਰਤੀ ਨਾਲ

(2) ਨ੍ਰਿਤਕਰਨ ਦੀ ਬਿਰਤੀ ਨਾਲ

(3) ਖੇਡਣ ਦੀ ਬਿਰਤੀ ਨਾਲ

(4) ਉਪਰੋਕਤ ਵਿਚੋਂ ਕੋਈ ਵੀ ਨਹੀਂ

127 ਲੋਕ ਗੀਤ ਕਿਸ ਦੀ ਰਚਨਾ ਹੈ:-

(1) ਵਿਅਕਤੀ ਦੀ

(2) ਸਮੂਹ ਦੀ

(3) ਲੋਕ ਕਵੀ ਧੀ

(4) ਕਿਸੇ ਦੀ ਵੀ ਨਹੀਂ

128 ਵਾਰਾਂ ਮੁੱਖ ਰੂਪ ਵਿਚ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ।

(1) ਦੋ

(2) ਚਾਰ

(3) ਤਿੰਨ

(4) ਦਸ

129 'ਕੱਲ੍ਹ ਕਾਲਜ ਬੰਦ ਰਹੇਗਾ' ਨਾਟਕ ਦਾ ਲੇਖਕ ਕੌਣ ਹੈ?

(1) ਅਜਮੇਰ ਸਿੰਘ ਔਲਖ

(2) ਪ੍ਰੀਤੋਸ਼ ਗਾਰਗੀ

(3) ਆਤਮਜੀਤ

(4) ਛਰਨ ਦਾਸ ਸਿੱਧੂ

130 'ਹੁਸੀਨ ਚਿਹਰੇ' ਰੇਖਾ ਚਿਤਰ ਸੰਗ੍ਰਹਿ ਕਿਸ ਲੇਖਕ ਦੀ ਰਚਨਾ ਹੈ?

(1) ਬਲਰਾਜ ਸਾਹਨੀ ਦੀ

(2) ਬਲਵੰਤ ਗਾਰਗੀ ਦੀ

(3) ਨਰਿੰਦਰ ਸਿੰਘ ਕਪੂਰ ਦੀ

(4) ਕੁਲਬੀਰ ਸਿੰਘ ਕਾਂਗ ਦੀ

131 'ਜਬੁ ਲਗੁ ਦੁਨੀਆ ਰਹੀਐ, ਨਾਨਕ ਕਿਛੁ ਸੁਣਿਐ ਕਿਛੁ ਕਹੀਐ' ਤੁਕ ਵਿਚ ਸਿੱਖਿਆ ਨਾਲ ਸੰਬੰਧਿਤ ਕਿਸ ਵਿਧੀ ਦਾ ਉਲੇਖ ਹੋਇਆ ਹੈ:-

(1) ਭਾਸ਼ਣ ਵਿਧੀ

(2) ਅਧਿਐਨ ਵਿਧੀ

(3) ਮੁਲਾਂਕਣ ਵਿਧੀ

(4) ਸੰਵਾਦ ਵਿਧੀ

132 ਸਕੂਲ ਵਿਚ ਬੈਠੇ ਬੱਚਿਆਂ ਨੂੰ ਦੂਰ ਦਰਸ਼ਨ ਦੇ ਸੈਟ ਦੇ ਮਾਧਿਅਮ ਦੁਆਰਾ ਦਿੱਤੀ ਜਾਣ ਲਈ ਸਿੱਖਿਆ ਨੂੰ ਅੰਗਰੇਜ਼ੀ ਵਿਚ ਕੀ ਕਿਹਾ ਜਾਂਦਾ ਹੈ:-

(1) ਐਜੂਸੇਟ ਸਿੱਖਿਆ ਵਿਧੀ

(2) ਲੈਕਚਰ ਵਿਧੀ

(3) ਮੁਲਾਂਕਣ ਵਿਧੀ

(4) ਉਪਦੇਸ਼ ਵਿਧੀ

133 'ਮਾਤ-ਭਾਸ਼ਾ ਦੀਆਂ ਅਧਿਐਨ ਵਿਧੀਆਂ' ਪੁਸਤਕ ਦਾ ਲੇਖਕ ਕੌਣ ਹੈ:-

(1) ਡਾ. ਟੀ. ਆਰ. ਸ਼ਰਮਾ

(2) ਜੇ.ਐਸ. ਵਾਲੀਆ

(3) ਪ੍ਰੋ. ਪ੍ਰੀਤਮ ਸਿੰਘ

(4) ਡਾ. ਆਗਿਆਪਾਲ ਸਿੰਘ

134 ਪੰਜਾਬੀ ਲੋਕ-ਸਾਹਿਤ ਦੇ ਸੰਗ੍ਰਹਿ ਕਰਤਾ, ਉੱਘੇ ਲੇਖਕਾਂ ਦੇ ਨਾਂ ਲਿਖੋ:-

(1) ਦਵਿੰਦਰ ਸਤਿਆਰਥੀ ਅਤੇ ਵਣਜਾਰਾ ਬੇਦੀ

(2) ਦਲੀਪ ਕੌਰ ਟਿਵਾਣਾ ਤੇ ਦਲੀਪ ਕੌਰ

(3) ਡਾ. ਐਸ. ਪੀ. ਸਿੰਘ ਅਤੇ ਸਤਿੰਦਰ ਸਿੰਘ

(4) ਨਾਹਰ ਸਿੰਘ ਤੇ ਸੁਰਜੀਤ ਸਿੰਘ ਸੇਠੀ।

135 ਸਿੱਖਿਆ ਦੀਆਂ ਮੁੱਢਲੀਆਂ ਵਿਧੀਆਂ ਵਿਚ ਕਿਸ ਵਿਧੀ ਦਾ ਉਲੇਖ ਕੀਤਾ ਜਾ ਸਕਦਾ ਹੈ:-

(1) ਭਾਸ਼ਣ ਵਿਧੀ ਦਾ

(2) ਲਿਖਣ ਵਿਧੀ ਦਾ

(3) ਪ੍ਰੋਜੈਕਟ ਵਿਧੀ ਦਾ

(4) ਕਾਨਫਰੰਸ ਵਿਧੀ ਦਾ



adda247

136 ਭਾਸ਼ਾ ਦੇ ਨੇਮ-ਪ੍ਰਬੰਧ ਨੂੰ ਕੀ ਕਿਹਾ ਜਾਂਦਾ ਹੈ:-

(1) ਸਮਾਜ ਵਿਗਿਆਨ

(2) ਸਾਹਿਤ ਵਿਗਿਆਨ

(3) ਖੋਜ- ਵਿਗਿਆਨ

(4) ਭਾਸ਼ਾ ਵਿਗਿਆਨ

137 ਕਿਸ ਵਿਗਿਆਨ ਨੂੰ ਮਨੁੱਖ ਦਾ ਤੀਸਰਾ ਨੇਤਰ ਕਿਹਾ ਗਿਆ ਹੈ:-

(1) ਭੌਤਿਕ ਵਿਗਿਆਨ ਨੂੰ

(2) ਯਥਾਰਥ ਨੂੰ

(3) ਤਰਕ ਵਿਗਿਆਨ ਨੂੰ

(4) ਵਿਟਿਆ ਨੂੰ

138 ਅਧਿਆਪਨ ਦੇ ਖੇਤਰ ਵਿਚ 'ਉਦੀਪਨ' ਦੀ ਭੂਮਿਕਾ ਕੌਣ ਨਿਭਾਉਂਦਾ ਹੈ:-

(1) ਮੁੱਖ ਅਧਿਆਪਕ

(2) ਅਧਿਆਪਕ

(3) ਵਿਦਿਆਰਥੀ

(4) ਕੋਈ ਵੀ ਨਹੀਂ

139 ਇਕ ਨਾਵਲ ਦੇ ਪਾਤਰਾਂ ਦੀ ਮਾਨਸਿਕਤਾ ਨੂੰ ਅਧਿਐਨ ਕਰਨ ਲਈ ਕਿਹੜੀ ਵਿਧੀ ਸਹਾਈ ਹੋ ਸਕਦੀ ਹੈ:-

(1) ਸਾਧਾਰਣ ਵਿਧੀ

(2) ਮਨੋਵਿਗਿਆਨਕ ਵਿਧੀ

(3) ਐਬਸਰਡ ਵਿਧੀ

(4) ਕੋਈ ਵੀ ਨਹੀਂ

140 ਇਕ ਨਾਟਕ ਨੂੰ ਪੜ੍ਹਾਉਣ ਸਮੇਂ ਵਿਦਿਆਰਥੀਆਂ ਦੀ ਸ਼ਮੂਲੀਅਤ ਕਿਵੇਂ ਯਕੀਨੀ ਬਣਾਈ ਜਾ ਸਕਦੀ ਹੈ:-

(1) ਸਾਰ ਵਿਧੀ ਦੁਆਰਾ

(2) ਲਿਖਣ ਵਿਧੀ ਦੁਆਰਾ

(3) ਕਲਾਸ ਰੂਮ ਵਿਚ ਪੈਦਾ ਕੀਤੀ ਰੰਗਮੰਚੀ ਵਿਧੀ ਦੁਆਰਾ

(4) ਕੋਈ ਵੀ ਨਹੀਂ

141 ਸੂਤਰ ਵਿਧੀ ਸਿੱਖਿਆ ਦੇ ਕਿਸ ਰੂਪ ਦੇ ਅਧਿਆਪਨ ਲਈ ਯੋਗ ਮੰਨੀ ਜਾਂਦੀ ਹੈ:-

(1) ਸਾਹਿਤ ਲਈ

(2) ਵਿਆਕਰਣ ਲਈ

(3) ਰੰਗਮੰਚ ਲਈ

(4) ਕੋਈ ਵੀ ਨਹੀਂ

142 ਭਾਸ਼ਾਈ ਕੌਸ਼ਲ ਤੋਂ ਕੀ ਭਾਵ ਹੈ:-

(1) ਵਿਆਕਰਣ ਦੀ ਕੌਸ਼ਲਤਾ

(2) ਸਾਹਿਤ ਦੀ ਕੌਸ਼ਲਤਾ

(3) ਕਲਾ ਦੀ ਕੌਸ਼ਲਤਾ

(4) ਕੋਈ ਵੀ ਨਹੀਂ

143 ਪ੍ਰਯੋਗ ਅਨੁਸਾਰ ਸ਼ਬਦਾਂ ਦੀਆਂ ਕਿੰਨੀਆਂ ਕਿਸਮਾਂ ਹਨ:-

(1) ਦਸ

(2) ਪੰਜ

(3) ਅੱਠ

(4) ਤਿੰਨ

144 ਵਾਕ ਬੋਧ ਤੋਂ ਕੀ ਭਾਵ ਹੈ:-

(1) ਭਾਸ਼ਾ ਦਾ ਗਿਆਨ

(2) ਵਿਆਕਰਣ ਦਾ ਗਿਆਨ

(3) ਵਾਕ ਦਾ ਗਿਆਨ

(4) ਸਾਹਿਤ ਦਾ ਗਿਆਨ

145 ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਕਿਹੜੀ ਹੈ:-

(1) ਵਰਣ

(2) ਸਵਰ

(3) ਸ਼ਬਦ-ਜੋੜ

(4) ਧੁਨੀ

adda247

146 ਸ਼ਾਹਿਤ ਦੇ ਰੂਪ ਕਿੰਨੇ ਹੁੰਦੇ ਹਨ?

(1) ਚਾਰ

(2) ਪੰਜ

(3) ਦਸ

(4) ਦੋ

147 ਵਾਰਤਕ ਦਾ ਸੰਬੰਧ ਦਿਲ ਨਾਲ ਹੈ ਜਾਂ ਦਿਮਾਗ ਨਾਲ:-

(1) ਜਿਸਮ ਨਾਲ

(2) ਸਮਾਜ ਨਾਲ

(3) ਦਿਲ ਨਾਲ

(4) ਦਿਮਾਗ ਨਾਲ

148 ਸ਼ਾਹਿਤ ਕਿਸ ਦਾ ਦਰਪਣ ਹੈ:-

(1) ਵਿਅਕਤੀ ਦਾ

(2) ਸਮਾਜ ਦਾ

(3) ਆਕਾਸ਼ ਦਾ

(4) ਧਰਤੀ ਦਾ

149 ਪੰਜਾਬੀ ਵਰਣ-ਮਾਲਾ ਵਿਚ ਕਿੰਨੇ ਸਵਰ ਹਨ:-

(1) ਤਿੰਨ

(2) ਪੰਜ

(3) ਚਾਰ

(4) ਦਸ

adda247

150 ਭਾਸ਼ਾ ਦਾ ਨਿਰਮਾਣ ਕਿਵੇਂ ਹੁੰਦਾ ਹੈ:-

(1) ਧੁਨੀਆਂ ਤੋਂ

(2) ਸ਼ਬਦਾਂ ਤੋਂ

(3) ਵਾਕਾਂ ਤੋਂ

(4) ਕੋਈ ਵੀ ਨਹੀਂ

adda 247